**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ -ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿਖਿਆ ਅਭਿਆਨ ਅਥਾਰਟੀ, ਪੰਜਾਬ**

ਐਸ.ਸੀ.ਓ. ਨੰ: 104-106,ਦੂਸਰੀ ਮੰਜਿਲ, ਸੈਕਟਰ 34-ਏ ਚੰਡੀਗੜ੍ਹ,

ਫੋਨ ਨੰ:0172-5083034,ਫੈਕਸ ਨੰ:2624687 ਈ-ਮੇਲ:grievance.edu.pb@gmail.com

ਵੱਲ

ਸਮੂਹ ਮੰਡਲ ਸਿੱਖਿਆ ਅਫਸਰ
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ.)
ਸਮੂਹ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਜਾਬ
ਸਮੂਹ ਮੁੱਖ ਅਧਿਆਪਕ ਸਰਕਾਰੀ ਹਾਈ ਸਕੂਲ/ਮਿਡਲ ਸਕੂਲ/ਪ੍ਰਾਇਮਰੀ ਸਕੂਲ।

ਮੀਮੋ ਨੰ:ਸਸਅ/2012/ਸ਼ਿਕਾਇਤ ਨਿਵਾਰਣ ਸੈਲ/000541

ਮਿਤੀ,ਚੰਡੀਗੜ੍ਹ: 9-01-2013

**ਵਿਸ਼ਾ:-** **ਸ਼ਿਕਾਇਤ ਨਿਵਰਾਣ ਸੈਲ।**

**ਹਵਾਲਾ:-** ਮੀਮੋ ਨੰ:ਸਸਅ/2012/ਸ਼ਿਕਾਇਤ ਨਿਵਾਰਣ ਸੈਲ/89948 ਮਿਤੀ 5-12-12

1.0 ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿਚ ਦੱਸਿਆ ਜਾਂਦਾ ਹੈ ਕਿ ਸਰਕਾਰੀ ਸਕੂਲਾਂ ਵਿਚ ਕੰਮ ਕਰਦੇ ਅਧਿਆਪਕਾਂ/ਕਰਮਚਾਰੀਆਂ ਦੀਆਂ ਮੁਸ਼ਿਕਲਾਂ ਜਿਹਨਾਂ ਨੂੰ ਹੱਲ ਕਰਨ ਲਈ ਇਸ ਦਫਤਰ ਵੱਲੋਂ ਸ਼ਿਕਾਇਤ ਨਿਵਾਰਣ ਸੈਲ ਦੀ ਸ਼ੁਰੂਆਤ ਕੀਤੀ ਗਈ ਹੈ।ਜਿਸਦਾ ਮਕਸਦ ਅਧਿਆਪਕਾਂ/ਕਰਮਚਾਰੀਆਂ ਦੀਆਂ ਮੁਸ਼ਕਿਲਾਂ ਨੂੰ ਜਲਦ ਤੋਂ ਜਲਦ ਹੱਲ ਕਰਨਾ ਹੈ।ਜ਼ਿਨ੍ਹਾਂ ਸੈਂਕੜੇ ਅਧਿਆਪਕਾਂ/ਕਰਮਚਾਰੀਆਂ ਵੱਲੋ ਆਪਣੀਆਂ ਮੁਸ਼ਿਕਲਾ www.ssapunjab.org ਤੇ ਬਣੇ Link Grievance Redressal Cell ਤੇ ਦਰਜ ਕਰਵਾਇਆ ਹਨ,ਉਹਨਾ ਵਿਚੋ ਕਾਫੀ ਸੰਖਿਆ ਵਿਚ ਮੁਸ਼ਕਿਲਾਂ ਦਾ ਨਿਪਟਾਰਾ ਮੁੱਖ ਦਫਤਰ ਅਤੇ ਜ਼ਿਲ੍ਹਾ ਪੱਧਰ ਤੇ ਕੀਤਾ ਗਿਆ ਹੈ,ਪਰ ਅਜੇ ਵੀ ਕੁਝ ਅਧਿਆਪਕਾਂ/ਕਰਮਚਾਰੀਆਂ ਵੱਲੋ ਸਰਵਿਸ ਸਬੰਧੀ ਆਪਣੀਆਂ ਤਕਲੀਫਾਂ ਨੂੰ ਹੱਲ ਕਰਵਾਉਣ ਬਾਰੇ ਉੱਕਤ ਦੱਸੇ ਸ਼ਿਕਾਇਤ ਨਿਵਾਰਣ ਸੈਲ ਦੀ ਮਦਦ ਨਹੀਂ ਲਈ ਜਾ ਰਹੀ।

2.0 ਇਸ ਪੱਤਰ ਰਾਹੀ ਸਿੱਖਿਆ ਵਿਭਾਗ ਦੇ ਸਮੂਹ ਅਧਿਆਪਕਾਂ/ਕਰਮਚਾਰੀਆਂ ਨੂੰ ਦੁਬਾਰਾ ਫਿਰ ਸੱਦਾ ਦਿੱਤਾ ਜਾਦਾ ਹੈ, ਕਿ ਉਹ ਆਪਣੀਆਂ ਸਰਵਿਸ ਸਬੰਧੀ ਸ਼ਿਕਾਇਤਾਂ ਦੇ ਨਿਵਾਰਣ ਲਈ ਇਸ ਦਫਤਰ ਦੇ ਸ਼ਿਕਾਇਤ ਨਿਵਾਰਣ ਦੀ ਮਦਦ ਲੈਣ ਲਈ ਇਸ ਦਫਤਰ ਦੇ ਵੈਬਸਾਇਟ www.ssapunjab.org ਦੇ ਲਿੰਕ Grievance Redressal Cell ਤੇ ਜਾ ਕੇ ਆਪਣੀ ਸ਼ਿਕਾਇਤ ਦਰਜ ਕਰਵਾਉਣ। ਇਸ ਦਫਤਰ ਦਾ ਸ਼ਿਕਾਇਤ ਨਿਵਾਰਣ ਸੈਲ ਅਜਿਹੀਆਂ ਸ਼ਿਕਾਇਤਾਂ ਦੇ ਨਿਵਾਰਣ ਕਰਨ ਦਾ ਭਰਪੂਰ ਉਪਰਾਲਾ ਕਰੇਗਾ।

**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ**